**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ**
**ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਸ.ਅ.ਸ. ਨਗਰ**
**(ਅਮਲਾ-1 ਸ਼ਾਖਾ)**

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਪੰਜਾਬ।
2. ਸਮੂਹ ਸਕੂਲ ਮੁਖੀ, ਪੰਜਾਬ ਰਾਜ ਵਿੱਚ।

} **(ਵੈੱਬਸਾਈਟ ਰਾਹੀਂ)**

ਮੀਮੋ ਨੰ: 11/67-2015ਅ-1(8)
ਮਿਤੀ, ਸਅਸ ਨਗਰ: 28/7/17

ਵਿਸ਼ਾ:- **ਬਤੌਰ ਲੈਕਚਰਾਰ ਪਦ-ਉੱਨਤੀ ਉਪਰੰਤ ਨੋਸ਼ਨਲ ਹਾਜ਼ਰੀ ਦੇਣ ਵਾਲੇ ਕਰਮਚਾਰੀਆਂ ਦੇ ਬਤੌਰ ਮਾਸਟਰ ਤਾਇਨਾਤੀ ਦੇ ਸਟੇਸ਼ਨ ਖਾਲੀ ਨਾ ਮੰਨਣ ਬਾਰੇ ਅਤੇ ਇਹਨਾਂ ਕਰਮਚਾਰੀਆਂ ਦੀ ਤਨਖਾਹ ਬਤੌਰ ਮਾਸਟਰ ਕਢਵਾਉਣ ਬਾਰੇ।**

ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਜੋ ਕਰਮਚਾਰੀ ਫਿਜ਼ਿਕਸ ਲੈਕਚਰਾਰ ਅਤੇ ਅੰਗਰੇਜ਼ੀ ਲੈਕਚਰਾਰ ਮਿਤੀ 27.02.2017/ 03.05.2017 ਦੇ ਹੁਕਮਾਂ ਰਾਹੀਂ ਪਦ-ਉੱਨਤ ਕੀਤੇ ਗਏ ਸਨ ਅਤੇ ਉਹਨਾਂ ਦੀ ਬਤੌਰ ਲੈਕਚਰਾਰ ਸਟੇਸ਼ਨ ਤਾਇਨਾਤੀ ਨਾ ਹੋ ਸਕਣ ਕਾਰਣ ਅਜਿਹੇ ਕਰਮਚਾਰੀ ਬਤੌਰ ਮਾਸਟਰ ਹੀ ਆਪਣੀ ਪਦ-ਉੱਨਤੀ ਤੋਂ ਪਹਿਲਾਂ ਵਾਲੇ ਤਾਇਨਾਤੀ ਸਥਾਨ ਤੇ ਹੀ ਕੰਮ ਕਰ ਰਹੇ ਹਨ, ਪਰੰਤੂ ਕੁਝ ਜਿਲ੍ਹਿਆਂ ਵਿੱਚ ਅਜਿਹੇ ਕਰਮਚਾਰੀਆਂ ਦੀ ਤਨਖਾਹ ਬਤੌਰ ਮਾਸਟਰ ਨਹੀਂ ਕਢਵਾਈ ਜਾ ਰਹੀ। ਵਿਭਾਗ ਵੱਲੋਂ ਇਸ ਮੁੱਦੇ ਨੂੰ ਬੜੀ ਗੰਭੀਰਤਾ ਨਾਲ ਲਿਆ ਗਿਆ ਹੈ। ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਅਤੇ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿੰਨੀ ਦੇਰ ਤੱਕ ਅਜਿਹੇ ਪਦ-ਉੱਨਤ ਕਰਮਚਾਰੀਆਂ ਦੀ ਤਾਇਨਾਤੀ ਬਤੌਰ ਲੈਕਚਰਾਰ ਨਹੀਂ ਹੋ ਜਾਂਦੀ, ਇਹਨਾਂ ਦੀ ਤਨਖਾਹ ਬਤੌਰ ਮਾਸਟਰ ਉਹਨਾਂ ਦੀ ਮੌਜੂਦਾ ਤਾਇਨਾਤੀ ਵਾਲੇ ਸਥਾਨ ਤੋਂ ਹੀ ਕਢਵਾਈ ਜਾਵੇ ਅਤੇ ਮੌਜੂਦਾ ਤਾਇਨਾਤੀ ਵਾਲੇ ਸਟੇਸ਼ਨਾਂ ਨੂੰ ਖਾਲੀ ਨਾ ਸਮਝਿਆ ਜਾਵੇ।

28/7/17
ਸਹਾਇਕ ਡਾਇਰੈਕਟਰ